# ਜਮਾਤ : 11ਵੀਂ ਪਾਠ-3 (ਸਾਈਬਰ ਖਤਰੇ ਅਤੇ ਸੁਰੱਖਿਆ)

## ਕੰਪਿਊਟਰ ਸਾਇੰਸ

**ਪ੍ਰਸ਼ਨ 1 : ਬਹੁ-ਪਸੰਦੀ ਪ੍ਰਸ਼ਨ:**

1. ਸਾਈਬਰ ਸ਼ਬਦ ਹੇਠ ਲਿਖੇ ਕਿਸ ਸ਼ਬਦ ਤੋਂ ਲਿਆ ਗਿਆ ਹੈ ।

   ੳ) ਸਾਈਬਰ ਕ੍ਰਾਈਮ ਅ) ਸਾਈਬਰਨੈਟਿਕ ੲ) ਸਾਈਬਰ ਅਟੈਕ ਸ) ਸਾਈਬਰ ਸੁਰੱਖਿਆ

2. ਸਾਫਟਵੇਅਰ ਜਾਂ ਹੋਰ ਕੰਪਿਊਟਰ ਅਧਾਰਤ ਸਮੱਗਰੀ ਦੀ ਕਾਪੀ ਕਰਕੇ ਅੱਗੇ ਵੇਚਣ ਨੂੰ ਕੀ ਕਿਹਾ ਜਾਂਦਾ ਹੈ ।

   ੳ) ਫਿਸ਼ਿੰਗ ਅ) ਸਟੱਾਕਿੰਗ ੲ) ਪਾਇਰੇਸੀ ਸ) ਹੈਕਿੰਗ

3. ਉਹ ਕਿਹੜਾ ਮਾਲਵੇਅਰ ਹੁੰਦਾ ਹੈ ਜੋ ਕੰਪਿਊਟਰ ਆਧਾਰਤ ਪ੍ਰਣਾਲੀ ਵਿੱਚ ਇੱਕ ਜਾਸੂਸ ਦੀ ਤਰ੍ਹਾਂ ਕੰਮ ਕਰਦਾ ਹੈ।

   ੳ) ਸਪਾਈਵੇਅਰ ਅ) ਐਡਵੇਅਰ ੲ) ਕੰਪਿਊਟਰ ਵਾਇਰਸ ਸ) ਰੈਨਸਮਵੇਅਰ

4. ਉਹ ਕਿਹੜੀ ਸੁਰੱਖਿਆ ਤਕਨੀਕ ਹੈ ਜੋ ਕਿਸੇ ਪਾਸਵਰਡ ਨੂੰ ਵਿਸ਼ੇਸ਼ ਚਿੰਨ੍ਹਾਂ ਵਿੱਚ ਬਦਲ ਦਿੰਦੀ ਹੈ ।

   ੳ) ਸਖ਼ਤ ਪਾਸਵਰਡ ਅ) ਫਾਇਰਵਾਲ ੲ) ਡਿਜੀਟਲ ਸਿਗਨੇਚਰ ਸ) ਇਨਕ੍ਰਿਪਸ਼ਨ

5. ਆਈ.ਟੀ. ਐਕਟ 2000 ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ ।

   ੳ) ਆਈ.ਟੀ. ਐਕਟ 2008 ਅ) ਆਈ.ਟੀ.ਏ. 2000 ੲ) ਇਨਫਰਮੇਸ਼ਨ ਐਕਟ ਸ) ਇਨਕਮ ਟੈਕਸ ਐਕਟ

6. ਉਹ ਇਲੈਕਟ੍ਰੋਨਿਕ ਵਾਤਾਵਰਨ ਜਿਸ ਵਿੱਚ ਇੰਟਰਨੈੱਟ ਯੂਜ਼ਰ ਆਪਸੀ ਸੰਚਾਰ ਕਰਦੇ ਹਨ ।

   ੳ) ਵਰਲਡ ਵਾਈਡ ਵੈੱਬ ਅ) ਇੰਟਰਨੈਟ ੲ) ਸਾਈਬਰ ਸਪੇਸ ਸ) ਸਾਈਬਰ ਕੈਫੇ

**ਪ੍ਰਸ਼ਨ 2 : ਖਾਲੀ ਥਾਂਵਾਂ ਭਰੋ:**

1. ਮਾਲਵੇਅਰ ਕੰਪਿਊਟਰ ਪ੍ਰਣਾਲੀ ਨੂੰ ਦੂਸ਼ਿਤ ਕਰ ਦਿੰਦੇ ਹਨ ।
2. ਡਿਜੀਟਲ ਸਿਗਨੇਚਰ ਇਕ ਡਿਜੀਟਲ ਕੋਡ ਹੁੰਦਾ ਹੈ ਜੋ ਕਿਸੇ ਆਨਲਾਈਨ ਦਸਤਾਵੇਜ਼ ਨੂੰ ਵੈਰੀਫਾਈ ਕਰਦਾ ਹੈ ।
3. ਐਂਟੀ ਵਾਇਰਸ ਸਾਫਟਵੇਅਰ ਸਾਡੇ ਕੰਪਿਊਟਰ ਨੂੰ ਵਾਇਰਸ ਤੋਂ ਸੁਰੱਖਿਅਤ ਕਰਦਾ ਹੈ ।
4. ਫਾਇਰਵਾਲ ਕੰਪਿਊਟਰ ਆਧਾਰਿਤ ਪ੍ਰਣਾਲੀ ਵਿਚ ਇਕ ਸੁਰੱਖਿਆ ਕੰਧ ਦੀ ਤਰ੍ਹਾਂ ਕੰਮ ਕਰਦੀ ਹੈ ।

5. ਕੋਈ ਅਣ-ਅਧਿਕਾਰਿਤ ਵਿਅਕਤੀ ਸਾਈਬਰ ਹਮਲੇ ਦੁਆਰਾ ਕਿਸੇ ਵੈੱਬਸਾਈਟ ਵਿਚ ਬਦਲਾਅ ਕਰ ਸਕਦਾ ਹੈ।
6. ਇੰਟਰਨੈਟ ਨਾਲ ਜੁੜੇ ਸਾਰੇ ਸਰਵਰਾਂ ਦੇ URL ਅਡਰੈੱਸ ਵਰਲਡ ਵਾਈਡ ਵੈੱਬ ਤੇ ਸਟੋਰ ਹੁੰਦੇ ਹਨ

**ਪ੍ਰਸ਼ਨ 3 : ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ :**

1. ਪਹਿਲਾਂ ਆਈ .ਟੀ .ਐਕਟ ਕਦੋਂ ਹੋਂਦ ਵਿੱਚ ਆਇਆ : 17 ਅਕਤੂਬਰ 2000
2. ਕੋਈ ਦੋ ਐਂਟੀ ਵਾਇਰਸ ਸਾਫਟਵੇਅਰਾਂ ਦੇ ਨਾਮ ਦੱਸੋ : 1. ਅਵੀਰਾ 2. ਏ.ਵੀ.ਜੀ. 3. ਨਾਰਟਨ
3. CERT-IN ਦਾ ਪੂਰਾ ਰੂਪ ਲਿਖੋ : ਇੰਡੀਅਨ ਕੰਪਿਊਟਰ ਐਮਰਜੈਂਸੀ ਰਿਸਪੌਂਸ ਟੀਮ
4. ITA 2000 ਦਾ ਪੂਰਾ ਰੂਪ ਲਿਖੋ : ਇਨਫੋਰਮੇਸ਼ਨ ਟੈਕਨਾਲੋਜੀ ਐਕਟ 2000

**ਪ੍ਰਸ਼ਨ 4 : ਛੋਟੇ ਉੱਤਰਾਂ ਵਾਲੇ ਪ੍ਰਸ਼ਨ:**

1. ਪਾਇਰੇਸੀ ਕੀ ਹੁੰਦੀ ਹੈ ? ਪਰਿਭਾਸ਼ਿਤ ਕਰੋ ?

ਉੱਤਰ: ਜਦੋਂ ਕਿਸੇ ਵਿਅਕਤੀ ਦੁਆਰਾ ਕਿਸੇ ਸਾਫਟਵੇਅਰ ਜਾਂ ਹੋਰ ਕੰਪਿਊਟਰ ਆਧਾਰਤ ਸਮੱਗਰੀ ਨੂੰ ਉਸ ਦੇ ਅਸਲ ਮਾਲਕ ਵਿਅਕਤੀ ਦੀ ਮਨਜ਼ੂਰੀ ਤੋਂ ਬਿਨਾਂ ਕਾਪੀ ਕਰਕੇ ਆਪਣੇ ਵਪਾਰਿਕ ਹਿੱਤਾਂ ਲਈ ਉਸ ਦੀ ਡੁਪਲੀਕੇਟ ਕਾਪੀ ਨੂੰ ਮਾਰਕੀਟ ਵਿੱਚ ਵੇਚਿਆ ਜਾਂਦਾ ਹੈ ਜਿਸ ਨਾਲ ਮਾਲਕ ਦਾ ਭਾਰੀ ਨੁਕਸਾਨ ਹੁੰਦਾ ਹੈ ਇਸ ਤਰ੍ਹਾਂ ਦੇ ਸਾਈਬਰ ਅਪਰਾਧ ਨੂੰ ਪਾਇਰੇਸੀ ਕਿਹਾ ਜਾਂਦਾ ਹੈ।

2. ਵੈੱਬ ਜੈਕਿੰਗ ਬਾਰੇ ਜਾਣਕਾਰੀ ਦਿਓ ?

ਉੱਤਰ: ਵੈੱਬ ਜੈਕਿੰਗ ਇਕ ਅਣ-ਅਧਿਕਾਰਤ ਕਾਰਵਾਈ ਹੈ ਜਿਸ ਵਿੱਚ ਕਿਸੇ ਹੈਕਰ ਦੁਆਰਾ ਆਪਣੇ ਨਿੱਜੀ ਹਿੱਤਾਂ ਲਈ ਦੂਜਿਆਂ ਦੀ ਕਿਸੇ ਵੀ ਵੈੱਬਸਾਈਟ ਨੂੰ ਜੈੱਕ ਕਰ ਕੇ ਉਸ ਵਿੱਚ ਬਦਲਾਵ ਕੀਤੇ ਜਾਂਦੇ ਹਨ ਅਤੇ ਉਸ ਵੈੱਬਸਾਈਟ ਤੇ ਪਈ ਸੂਚਨਾ ਨੂੰ ਬਦਲ ਦਿੱਤਾ ਜਾਂਦਾ ਹੈ ਉਦਾਹਰਣ ਵਜੋਂ ਪਿਛਲੇ ਸਮੇਂ ਵਿੱਚ ਵੈੱਬ ਹੈਕਰਾਂ ਦੁਆਰਾ ਬੰਬੇ ਕ੍ਰਾਈਮ ਬ੍ਰਾਂਚ ਦੀ ਵੈੱਬਸਾਈਟ ਨੂੰ ਹੈਕ ਕੀਤਾ ਗਿਆ ਸੀ ਜੋ ਕਿ ਇਕ ਅਣ-ਅਧਿਕਾਰਿਤ ਔਨਲਾਈਨ ਕਾਰਵਾਈ ਸੀ ਜਿਸ ਨੂੰ ਵੈੱਬ ਜੈਕਿੰਗ ਕਿਹਾ ਜਾਂਦਾ ਹੈ।

3. ਸਲੈਮੀ ਅਟੈਕ / ਹਮਲੇ ਕੀ ਹੁੰਦੇ ਹਨ ?

ਉੱਤਰ: ਸਲੈਮੀ ਅਟੈਕ ਹਮਲੇ ਜ਼ਿਆਦਾਤਰ ਬੈਂਕਿੰਗ ਖੇਤਰ ਵਿੱਚ ਦੇਖਣ ਨੂੰ ਮਿਲਦੇ ਹਨ । ਇਸ ਤਰ੍ਹਾਂ ਦੇ ਆਨਲਾਈਨ ਹਮਲਿਆਂ ਵਿਚ ਕਿਸੇ ਬੈਂਕ ਦੇ ਗਾਹਕਾਂ ਦੀ ਕ੍ਰੈਡਿਟ ਜਾਂ ਡੈਬਿਟ ਕਾਰਡ ਸਬੰਧੀ ਸੂਚਨਾ ਨੂੰ ਇਸ ਤਰ੍ਹਾਂ ਨਿਸ਼ਾਨਾ ਬਣਾਇਆ ਜਾਂਦਾ ਹੈ ਕਿ ਉਨ੍ਹਾਂ ਦੇ ਖਾਤਿਆਂ ਵਿੱਚੋਂ ਕੁਝ ਸਮੇਂ ਬਾਅਦ ਥੋੜ੍ਹੇ-ਥੋੜ੍ਹੇ ਪੈਸੇ ਕੱਢ ਕੇ ਕਿਸੇ

ਅਨਜਾਣ ਵਿਅਕਤੀ (ਸਲੈਮੀ ਅਟੈਕਰ) ਦੇ ਖਾਤੇ ਵਿੱਚ ਜਾਂਦੇ ਰਹਿੰਦੇ ਹਨ ਅਤੇ ਗ੍ਰਾਹਕ ਨੂੰ ਇਸ ਬਾਰੇ ਪਤਾ ਨਹੀਂ ਚਲਦਾ  ਕਿਉਂਕਿ ਅਜਿਹੇ ਆਨਲਾਈਨ ਹਮਲਿਆਂ ਵਿੱਚ ਉਨ੍ਹਾਂ ਗਾਹਕਾਂ ਦੇ ਖਾਤਿਆਂ ਨੂੰ ਹੀ ਨਿਸ਼ਾਨਾ ਬਣਾਇਆ ਜਾਂਦਾ ਹੈ ਜਿਨ੍ਹਾਂ ਦੇ ਖਾਤਿਆਂ ਵਿੱਚ ਰਾਸ਼ੀ ਜ਼ਿਆਦਾ ਰਹਿੰਦੀ ਹੈ ਅਤੇ ਪੈਸੇ ਦਾ ਲੈਣ ਦੇਣ ਵੱਧ ਹੁੰਦਾ ਹੈ।

4. ਐਂਟੀ ਵਾਇਰਸ ਸਾਫਟਵੇਅਰ ਬਾਰੇ ਸੰਖੇਪ ਜਾਣਕਾਰੀ ਦਿਓ ?

ਉੱਤਰ: ਐਂਟੀਵਾਇਰਸ ਇੱਕ ਅਜਿਹਾ ਸਾਫਟਵੇਅਰ ਹੈ ਜੋ ਸਾਡੇ ਕੰਪਿਊਟਰ ਨੂੰ ਕਿਸੇ ਵੀ ਤਰ੍ਹਾਂ ਦੇ ਵਾਇਰਸ ਤੋਂ ਸੁਰੱਖਿਅਤ ਕਰਦਾ ਹੈ । ਇਸ ਨੂੰ ਐਂਟੀ ਮਾਲਵੇਅਰ ਵੀ ਕਿਹਾ ਜਾਂਦਾ ਹੈ ਕਿਉਂ ਕਿ ਕੋਈ ਵੀ ਵਾਇਰਸ ਇੱਕ ਮਾਲਵੇਅਰ ਹੁੰਦਾ ਹੈ ਜਿਸ ਦੇ ਵਿਰੁੱਧ ਇਹ ਕੰਮ ਕਰਦਾ ਹੈ ਅਤੇ ਸਾਡੇ ਕੰਪਿਊਟਰ ਵਿੱਚ ਵਾਇਰਸ ਨੂੰ ਜਾਂ ਤਾਂ ਆਉਣ ਹੀ ਨਹੀਂ ਦਿੰਦਾ ਅਤੇ ਜੇਕਰ ਆ ਵੀ ਜਾਵੇ ਤਾਂ ਇਸ ਐਂਟੀਵਾਇਰਸ ਦੀ ਮਦਦ ਨਾਲ ਕੰਪਿਊਟਰ ਨੂੰ ਸਕੈਨ ਕਰ ਕੇ ਖ਼ਤਮ ਕੀਤਾ ਜਾ ਸਕਦਾ ਹੈ।

5. ਸਾਈਬਰ  ਸਪੇਸ ਅਤੇ ਵਰਲਡ ਵਾਈਡ ਵੈੱਬ ਵਿਚਕਾਰ ਅੰਤਰ ਦੱਸੋ?

ਉੱਤਰ: ਸਾਈਬਰ  ਸਪੇਸ ਅਤੇ ਵਰਲਡ ਵਾਈਡ ਵੈੱਬ ਵਿੱਚ ਅੰਤਰ ਹੇਠ ਲਿਖੇ ਅਨੁਸਾਰ ਹੈ :

| ਲੜੀ ਨੰ | ਸਾਈਬਰ ਸਪੇਸ | ਵਰਲਡ ਵਾਈਡ ਵੈੱਬ |
|---|---|---|
| 1 | ਸਾਈਬਰ ਸਪੇਸ ਨੂੰ ਭੌਤਿਕ ਤੌਰ ਤੇ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ। | ਵਰਲਡ ਵਾਈਡ ਵੈੱਬ ਨੂੰ ਭੌਤਿਕ ਤੌਰ ਤੇ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। |
| 2 | ਵਰਲਡ ਵਾਈਡ ਵੈੱਬ ਦੁਆਰਾ ਸਿਰਜੇ ਇਲੈਕਟ੍ਰਾਨਕ ਵਾਤਾਵਰਣ ਨੂੰ ਹੀ ਸਾਈਬਰ ਸਪੇਸ ਕਿਹਾ ਜਾਂਦਾ ਹੈ। | ਵਰਲਡ ਵਾਈਡ ਵੈੱਬ ਵਿੱਚ ਸਾਰੇ ਵੈੱਬ ਸਰਵਰਾਂ ਦੇ ਵੈੱਬ ਐਡਰੈਸ, ਆਈ.ਪੀ. ਐਡਰੈਸ ਅਤੇ ਵੈੱਬ ਪੇਜ਼ਾਂ ਦੇ ਲਿੰਕ ਸਟੋਰ ਹੁੰਦੇ ਹਨ। |

6. ਆਈ.ਟੀ.ਐਕਟ 2000 ਦੇ ਕੋਈ ਚਾਰ ਉਦੇਸ਼ ਲਿਖੋ?

ਉੱਤਰ: ਆਈ.ਟੀ.ਐਕਟ 2000 ਦੇ ਚਾਰ ਉਦੇਸ਼ ਹੇਠ ਲਿਖੇ ਅਨੁਸਾਰ ਹਨ :

1. ਇਲੈਕਟ੍ਰੋਨਿਕ ਸੂਚਨਾ ਅਤੇ ਡਾਟਾ ਸੰਚਾਰ ਨੂੰ ਕਾਨੂੰਨੀ ਮਾਨਤਾ ਦੇਣਾ।
2. ਸਾਈਬਰ ਅਪਰਾਧਾਂ ਦੀ ਰੋਕਥਾਮ ਲਈ ਕਾਨੂੰਨੀ ਢਾਂਚੇ ਦੀ ਵਿਵਸਥਾ ਕਰਨਾ।
3. ਸਮੁੱਚੇ ਭਾਰਤ ਵਿਚ ਈ-ਕਾਮਰਸ ਨੂੰ ਲਾਗੂ ਕਰਨਾ।

4. ਬੈਂਕਾਂ ਵਿਚ ਇਲੈਕਟ੍ਰੋਨਿਕ ਫੰਡ ਟਰਾਂਸਫਰ ਨੀਤੀ ਨੂੰ ਮਾਨਤਾ ਦੇਣਾ।

**ਪ੍ਰਸ਼ਨ 5 : ਵੱਡੇ ਉੱਤਰਾਂ ਵਾਲੇ ਪ੍ਰਸ਼ਨ :**

1. **ਸਾਈਬਰ ਹਮਲੇ ਕੀ ਹੁੰਦੇ ਹਨ? ਪੰਜ ਤਰ੍ਹਾਂ ਦੇ ਸਾਈਬਰ ਹਮਲਿਆਂ ਦਾ ਵਰਣਨ ਕਰੋ ?**

ਉੱਤਰ: ਸਾਈਬਰ ਹਮਲਿਆਂ ਨੂੰ ਇੰਟਰਨੈਟ ਦੀ ਦੁਨੀਆਂ ਵਿੱਚ ਉਨ੍ਹਾਂ ਕੋਸ਼ਿਸ਼ਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਰਾਹੀਂ ਇੰਟਰਨੈੱਟ ਦੀ ਮਦਦ ਨਾਲ ਆਨਲਾਈਨ ਕੰਪਿਊਟਰ ਨੈੱਟਵਰਕ ਅਤੇ ਕੰਪਿਊਟਰ ਆਧਾਰਤ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ। ਸਾਈਬਰ ਹਮਲੇ ਦੀਆਂ ਮੁੱਖ ਕਿਸਮਾਂ ਹੇਠ ਲਿਖੇ ਅਨੁਸਾਰ ਹਨ :

ਪਾਇਰੇਸੀ : ਜਦੋਂ ਕਿਸੇ ਵਿਅਕਤੀ ਦੁਆਰਾ ਕਿਸੇ ਸਾਫਟਵੇਅਰ ਜਾਂ ਹੋਰ ਕੰਪਿਊਟਰ ਆਧਾਰਿਤ ਸਮੱਗਰੀ ਨੂੰ ਉਸ ਦੇ ਅਸਲ ਮਾਲਕ ਵਿਅਕਤੀ ਦੀ ਮਨਜ਼ੂਰੀ ਤੋਂ ਬਿਨਾਂ ਕਾਪੀ ਕਰਕੇ ਆਪਣੇ ਵਪਾਰਿਕ ਹਿੱਤਾਂ ਲਈ ਉਸ ਦੀ ਡੁਪਲੀਕੇਟ ਕਾਪੀ ਨੂੰ ਮਾਰਕੀਟ ਵਿੱਚ ਵੇਚਿਆ ਜਾਂਦਾ ਹੈ ਜਿਸ ਨਾਲ ਮਾਲਕ ਦਾ ਭਾਰੀ ਨੁਕਸਾਨ ਹੁੰਦਾ ਹੈ । ਇਸ ਤਰ੍ਹਾਂ ਦੇ ਸਾਈਬਰ ਅਪਰਾਧ ਨੂੰ ਪਾਇਰੇਸੀ ਕਿਹਾ ਜਾਂਦਾ ਹੈ।

ਵੈੱਬ ਜੈਕਿੰਗ : ਵੈੱਬ ਜੈਕਿੰਗ ਇੱਕ ਅਣ-ਅਧਿਕਾਰਤ ਕਾਰਵਾਈ ਹੈ ਜਿਸ ਵਿੱਚ ਕਿਸੇ ਹੈਕਰ ਦੁਆਰਾ ਆਪਣੇ ਨਿੱਜੀ ਹਿੱਤਾਂ ਲਈ ਦੂਜਿਆਂ ਦੀ ਕਿਸੇ ਵੀ ਵੈੱਬਸਾਈਟ ਨੂੰ ਜੈੱਕ ਕਰਕੇ ਉਸ ਵਿੱਚ ਬਦਲਾਵ ਕੀਤੇ ਜਾਂਦੇ ਹਨ ਅਤੇ ਉਸ ਵੈੱਬਸਾਈਟ ਤੇ ਪਈ ਸੂਚਨਾ ਨੂੰ ਬਦਲ ਦਿੱਤਾ ਜਾਂਦਾ ਹੈ।ਉਦਾਹਰਣ ਵੱਜੋਂ ਪਿਛਲੇ ਸਮੇਂ ਵਿੱਚ ਵੈੱਬ ਹੈਕਰਾਂ ਦੁਆਰਾ ਬੰਬੇ ਕ੍ਰਾਈਮ ਬ੍ਰਾਂਚ ਦੀ ਵੈੱਬਸਾਈਟ ਨੂੰ ਹੈਕ ਕੀਤਾ ਗਿਆ ਸੀ ਜੋ ਕਿ ਇੱਕ ਅਣ-ਅਧਿਕਾਰਿਤ ਆਨਲਾਈਨ ਕਾਰਵਾਈ ਸੀ ਜਿਸ ਨੂੰ ਵੈੱਬ ਜੈਕਿੰਗ ਕਿਹਾ ਜਾਂਦਾ ਹੈ।

ਸਲੈਮੀ ਅਟੈਕ/ਹਮਲਾ : ਸਲਾਮੀ ਅਟੈਕ ਹਮਲੇ ਜ਼ਿਆਦਾਤਰ ਬੈਂਕਿੰਗ ਖੇਤਰ ਵਿੱਚ ਦੇਖਣ ਨੂੰ ਮਿਲਦੇ ਹਨ। ਇਸ ਤਰ੍ਹਾਂ ਦੇ ਆਨਲਾਈਨ ਹਮਲਿਆਂ ਵਿੱਚ ਕਿਸੇ ਬੈਂਕ ਦੇ ਗਾਹਕਾਂ ਦੀ ਕ੍ਰੈਡਿਟ ਜਾਂ ਡੈਬਿਟ ਕਾਰਡ ਸਬੰਧੀ ਸੂਚਨਾ ਨੂੰ ਇਸ ਤਰ੍ਹਾਂ ਨਿਸ਼ਾਨਾ ਬਣਾਇਆ ਜਾਂਦਾ ਹੈ ਕਿ ਉਨ੍ਹਾਂ ਦੇ ਖਾਤਿਆਂ ਵਿੱਚੋਂ ਕੁਝ ਸਮੇਂ ਬਾਅਦ ਥੋੜ੍ਹੇ-ਥੋੜ੍ਹੇ ਪੈਸੇ ਕੱਢ ਕੇ ਕਿਸੇ ਅਨਜਾਣ ਵਿਅਕਤੀ (ਸਲੈਮੀ ਅਟੈਕਰ) ਦੇ ਖਾਤੇ ਵਿੱਚ ਜਾਂਦੇ ਰਹਿੰਦੇ ਹਨ ਅਤੇ ਗ੍ਰਾਹਕ ਨੂੰ ਇਸ ਬਾਰੇ ਪਤਾ ਨਹੀਂ ਚਲਦਾ ਕਿਉਂ ਕਿ ਅਜਿਹੇ ਆਨਲਾਈਨ ਹਮਲਿਆਂ ਵਿੱਚ ਉਨ੍ਹਾਂ ਗਾਹਕਾਂ ਦੇ ਖਾਤਿਆਂ ਨੂੰ ਹੀ ਨਿਸ਼ਾਨਾ ਬਣਾਇਆ ਜਾਂਦਾ ਹੈ ਜਿਨ੍ਹਾਂ ਦੇ ਖਾਤਿਆਂ ਵਿੱਚ ਰਾਸ਼ੀ ਜ਼ਿਆਦਾ ਰਹਿੰਦੀ ਹੈ ਅਤੇ ਪੈਸੇ ਦਾ ਲੈਣ ਦੇਣ ਵੱਧ ਹੁੰਦਾ ਹੈ।

ਹੈਕਿੰਗ: ਹੈਕਿੰਗ ਦਾ ਮਤਲਬ ਹੈ ਕਿਸੇ ਦੂਸਰੇ ਵਿਅਕਤੀ ਦੇ ਕੰਪਿਊਟਰ ਖਾਤੇ ਵੈੱਬਸਾਈਟ ਜਾਂ ਕਿਸੇ ਵੀ ਤਰ੍ਹਾਂ ਦੀ ਆਨਲਾਈਨ ਆਈ.ਡੀ. ਨਾਲ ਛੇੜਛਾੜ ਕਰਕੇ ਉਸ ਨੂੰ ਨੁਕਸਾਨ ਪਹੁੰਚਾਉਣਾ।ਹੈਕਿੰਗ ਦੇ ਜ਼ਰੀਏ ਕਿਸੇ ਵੀ ਤਰ੍ਹਾਂ ਦੀ ਗੁਪਤ ਸੂਚਨਾ ਨੂੰ ਚੋਰੀ ਕਰਕੇ ਉਸ ਦੀ ਦੁਰਵਰਤੋਂ ਕੀਤੀ ਜਾਂਦੀ ਹੈ।

**ਸਪੈਮਿੰਗ:** ਜਦੋਂ ਕਿਸੇ ਵਿਅਕਤੀ ਜਾਂ ਕੰਪਨੀ ਦੁਆਰਾ ਕਿਸੇ ਦੂਸਰੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੀ ਬਿਨਾਂ ਆਗਿਆ ਤੋਂ ਫਾਲਤੂ ਦੀਆਂ ਈਮੇਲ ਭੇਜੀਆਂ ਜਾਂਦੀਆਂ ਹਨ ਅਤੇ ਵਾਰ ਵਾਰ ਕਿਸੇ ਵਸਤੂ ਵੱਲ ਉਕਸਾਇਆ ਜਾਂਦਾ ਹੈ ਅਤੇ ਕਿਸੇ ਪ੍ਰਕਿਰਿਆ ਨੂੰ ਅਪਨਾਉਣ ਲਈ ਕਿਹਾ ਜਾਂਦਾ ਹੈ ਤਾਂ ਜੋ ਉਸ ਤੋਂ ਕਿਸੇ ਕਿਸਮ ਦੀ ਗੁਪਤ ਸੂਚਨਾ ਨੂੰ ਪ੍ਰਾਪਤ ਕਰਕੇ ਉਸ ਦੀ ਦੁਰਵਰਤੋਂ ਕਰਕੇ ਉਸ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ ,ਤਾਂ ਇਸ ਕਿਸਮ ਦੀ ਪ੍ਰਕਿਰਿਆ ਨੂੰ ਸਪੈਮਿੰਗ ਕਿਹਾ ਜਾਂਦਾ ਹੈ।

2. ਸਾਈਬਰ ਹਮਲਿਆਂ ਦੇ ਕਾਰਨਾਂ ਦੀ ਵਿਸ਼ਥਾਰ ਸਹਿਤ ਵਿਆਖਿਆ ਕਰੋ?

**ਉੱਤਰ:** ਸਾਈਬਰ ਹਮਲੇ ਦੇ ਮੁੱਖ ਕਾਰਨ ਹੇਠ ਲਿਖੇ ਅਨੁਸਾਰ ਹਨ :

1) **ਤਕਨੀਕੀ ਜਾਣਕਾਰੀ ਦੀ ਘਾਟ :** ਤਕਨੀਕੀ ਜਾਣਕਾਰੀ ਦੀ ਘਾਟ ਹੋਣ ਕਾਰਨ ਕਈ ਵਾਰੀ ਵਿਅਕਤੀ ਬਿਨਾਂ ਸੋਚੇ ਸਮਝੇ ਕਿਸੇ ਨਾ ਕਿਸੇ ਅਜਿਹੇ ਲਿੰਕ ਜਾਂ ਵੈੱਬਸਾਈਟਾਂ ਨੂੰ ਖੋਲ੍ਹ ਲੈਂਦੇ ਹਨ ਜਿੱਥੇ ਕਿ ਉਨ੍ਹਾਂ ਨੂੰ ਕਿਸੇ ਨਾ ਕਿਸੇ ਗੁਪਤ ਜਾਣਕਾਰੀ ਜਿਵੇਂ ਕਿ ਕ੍ਰੈਡਿਟ ਕਾਰਡ ਨੰਬਰ ਅਤੇ ਪਾਸਵਰਡ ਭਰਨ ਲਈ ਕਿਹਾ ਜਾਂਦਾ ਹੈ, ਪਰ ਤਕਨੀਕੀ ਜਾਣਕਾਰੀ ਨਾ ਹੋਣ ਕਾਰਨ ਉਹ ਮੰਗੀ ਹੋਈ ਜਾਣਕਾਰੀ ਭਰ ਦਿੰਦੇ ਹਨ ਜਿਸ ਨਾਲ ਉਹ ਸਾਈਬਰ ਹਮਲਾਕਾਰਾਂ ਦੇ ਚੱਕਰਵਿਊ ਵਿੱਚ ਫਸ ਜਾਂਦੇ ਹਨ ਅਤੇ ਉਨ੍ਹਾਂ ਨੂੰ ਭਾਰੀ ਨੁਕਸਾਨ ਝੱਲਣਾ ਪੈਂਦਾ ਹੈ ।
2) **ਸਿਕਿਉਰਿਟੀ ਅਤੇ ਪ੍ਰਾਈਵੇਸੀ ਦੀ ਸੁਚੱਜੀ ਵਰਤੋਂ ਨਾ ਕਰਨਾ:** ਕਈ ਵਾਰੀ ਇੰਟਰਨੈਟ ਵਰਤੋਂਕਾਰ ਇੰਟਰਨੈਟ ਨੂੰ ਵਰਤਦੇ ਸਮੇਂ ਕਿਸੇ ਵੀ ਤਰ੍ਹਾਂ ਦੀ ਸਿਕਿਉਰਿਟੀ ਜਾਂ ਪ੍ਰਾਈਵੇਸੀ ਦੀ ਵਰਤੋਂ ਨਹੀਂ ਕਰਦੇ ਜਿਸ ਕਰਕੇ ਸਾਈਬਰ ਹਮਲਾ ਕਾਰ ਬੜੀ ਹੀ ਆਸਾਨੀ ਨਾਲ ਉਨ੍ਹਾਂ ਦੇ ਕਿਸੇ ਵੀ ਕਿਸਮ ਦੇ ਆਨਲਾਈਨ ਖਾਤਿਆਂ ਨੂੰ ਆਸਾਨੀ ਨਾਲ ਅਸੈਸ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ।
3) **ਅਪਰਾਧਿਕ ਬੁੱਧੀ ਜਾਂ ਬਦਲੇ ਦੀ ਭਾਵਨਾ :** ਅੱਜ ਦੇ ਤਕਨੀਕੀ ਯੁੱਗ ਵਿੱਚ ਅਪਰਾਧਿਕ ਬਿਰਤੀ ਵਾਲੇ ਲੋਕ ਆਪਣੇ ਆਰਥਿਕ ਜਾਂ ਵਪਾਰਕ ਹਿੱਤਾਂ ਨੂੰ ਪੂਰਾ ਕਰਨ ਲਈ ਸਾਈਬਰ ਹਮਲਿਆਂ ਦਾ ਸਹਾਰਾ ਲੈ ਰਹੇ ਹਨ ਅਤੇ ਉਹ ਘਰ ਬੈਠੇ ਹੀ ਆਪਣੇ ਵਿਰੋਧੀ ਨੂੰ ਆਨਲਾਈਨ ਨੁਕਸਾਨ ਪਹੁੰਚਾਉਂਦੇ ਹਨ।
4) **ਮੋਬਾਈਲ ਤਕਨਾਲੋਜੀ ਅਤੇ ਸੋਸ਼ਲ ਮੀਡੀਆ ਦੀ ਜ਼ਿਆਦਾ ਵਰਤੋਂ :** ਕਈ ਵਾਰ ਮੋਬਾਇਲ ਫੋਨ ਵਰਤੋਂਕਾਰ ਵੱਲੋਂ ਗਲਤੀ ਨਾਲ ਵੀ ਕਿਸੇ ਤਰ੍ਹਾਂ ਦੀ ਗੁਪਤ ਸੂਚਨਾ ਸ਼ੇਅਰ ਹੋ ਜਾਂਦੀ ਹੈ ਜਾਂ ਕਿਸੇ ਲਿੰਕ ਤੇ ਕਲਿੱਕ ਕਰਨ ਉਪਰੰਤ ਮੰਗੀ ਗਈ ਸੂਚਨਾ ਨੂੰ ਭਰ ਕੇ ਸਬਮਿਟ ਕਰ ਦਿੱਤਾ ਜਾਂਦਾ ਹੈ।ਸਾਈਬਰ ਅਪਰਾਧੀ ਵੱਲੋਂ ਇਸ ਸੂਚਨਾ ਨੂੰ ਹੀ ਆਧਾਰ ਬਣਾ ਕੇ ਕਿਸੇ ਨਾ ਕਿਸੇ ਤਰ੍ਹਾਂ ਦਾ ਸਾਈਬਰ ਹਮਲਾ ਕਰਕੇ ਯੂਜ਼ਰ ਨੂੰ ਮਾਲੀ ਜਾਂ ਮਾਨਸਿਕ ਨੁਕਸਾਨ ਪਹੁੰਚਾਇਆ ਜਾਂਦਾ ਹੈ।

3. ਮਾਲਵੇਅਰ ਤੋਂ ਕੀ ਭਾਵ ਹੈ? ਮਾਲਵੇਅਰ ਦੀਆਂ ਪੰਜ ਕਿਸਮਾਂ ਦੀ ਵਿਆਖਿਆ ਕਰੋ?

ਉੱਤਰ: ਮਾਲਵੇਅਰ ਅੰਗਰੇਜ਼ੀ ਦੇ ਦੋ ਸ਼ਬਦਾਂ ਮਾਲ ਅਤੇ ਵੇਅਰ ਦਾ ਸੁਮੇਲ ਹੈ। ਕੰਪਿਊਟਰ ਪ੍ਰਣਾਲੀ ਵਿੱਚ ਮਾਲਵੇਅਰ ਦੂਸ਼ਿਤ ਪ੍ਰੋਗਰਾਮਾਂ ਦੇ ਸਮੂਹ ਨੂੰ ਕਿਹਾ ਜਾਂਦਾ ਹੈ ਜੋ ਕਿਸੇ ਨਾ ਕਿਸੇ ਰੂਪ ਵਿੱਚ ਕੰਪਿਊਟਰ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਣ ਲਈ ਅਪਰਾਧਿਕ ਬਿਰਤੀ ਦੇ ਲੋਕਾਂ ਦੁਆਰਾ ਬਣਾਏ ਜਾਂਦੇ ਹਨ। ਕੰਪਿਊਟਰ ਵਾਇਰਸ ਮਾਲਵੇਅਰ ਦੀ ਹੀ ਇੱਕ ਉਦਾਹਰਨ ਹੈ।

1) ਸਪਾਈਵੇਅਰ : ਸਪਾਈਵੇਅਰ ਅਜਿਹੇ ਦੂਸ਼ਿਤ ਸਾਫਟਵੇਅਰ ਹੁੰਦੇ ਹਨ ਜੋ ਬਿਨਾਂ ਆਗਿਆ ਕਿਸੇ ਵੀ ਕੰਪਿਊਟਰ ਵਿੱਚ ਦਾਖ਼ਲ ਹੋ ਜਾਂਦੇ ਹਨ ਅਤੇ ਕੰਪਿਊਟਰ ਯੂਜ਼ਰ ਨੂੰ ਇਸ ਬਾਰੇ ਕੁਝ ਪਤਾ ਵੀ ਨਹੀਂ ਚਲਦਾ ਕਿ ਉਸ ਦੀ ਗੁਪਤ ਸੂਚਨਾ ਜਾਂ ਡਾਟਾ ਕਿਸੇ ਅਣਜਾਣ ਵਿਅਕਤੀ ਕੋਲ ਜਾ ਰਿਹਾ ਹੈ ।ਸਪਾਈਵੇਅਰ ਜਾਸੂਸ ਦੀ ਤਰ੍ਹਾਂ ਕੰਮ ਕਰਦੇ ਹਨ।
2) ਕੰਪਿਊਟਰ ਵਾਇਰਸ : ਕੰਪਿਊਟਰ ਵਾਇਰਸ ਉਹ ਪ੍ਰੋਗਰਾਮ ਹੁੰਦੇ ਹਨ ਜੋ ਕੰਪਿਊਟਰ ਵਿੱਚ ਕਿਸੇ ਸਾਫਟਵੇਅਰ ਨਾਲ ਆ ਜੁੜਦੇ ਹਨ ਅਤੇ ਕੰਪਿਊਟਰ ਡਾਟੇ ਅਤੇ ਕੰਪਿਊਟਰ ਦੀ ਕਾਰਜ ਪ੍ਰਣਾਲੀ ਨੂੰ ਦੂਸ਼ਿਤ ਕਰ ਦਿੰਦੇ ਹਨ। ਕਈ ਵਾਰ ਇਹ ਇਨੇ ਗੰਭੀਰ ਹੁੰਦੇ ਹਨ ਕਿ ਕੰਪਿਊਟਰ ਦੇ ਆਪਰੇਟਿੰਗ ਸਿਸਟਮ ਨੂੰ ਪੂਰੀ ਤਰ੍ਹਾਂ ਖ਼ਰਾਬ ਕਰ ਦਿੰਦੇ ਹਨ।
3) ਟ੍ਰੋਜਨ ਹਾਰਸ : ਇਹ ਇੱਕ ਤਰ੍ਹਾਂ ਦਾ ਕੰਪਿਊਟਰ ਵਾਇਰਸ ਹੁੰਦਾ ਹੈ ਜੋ ਕੰਪਿਊਟਰ ਵਿਚ ਕਿਸੇ ਨੈਟਵਰਕ ਦੇ ਜ਼ਰੀਏ ਕਿਸੇ ਜਾਅਲੀ ਈਮੇਲ ਜਾਂ ਐਡ ਰਾਹੀਂ ਦਾਖ਼ਲ ਹੁੰਦਾ ਹੈ ਅਤੇ ਇਹ ਸ਼ੁਰੂ-ਸ਼ੁਰੂ ਵਿੱਚ ਕੰਪਿਊਟਰ ਯੂਜ਼ਰ ਨਾਲ ਮਿੱਤਰਤਾ ਵਾਲਾ ਵਰਤਾਓ ਕਰਦਾ ਹੈ ਅਤੇ ਬਾਅਦ ਵਿੱਚ ਕੰਪਿਊਟਰ ਦਾ ਕੰਟ੍ਰੋਲ ਅਸਲ ਯੂਜ਼ਰ ਤੋਂ ਖੋਹ ਕੇ ਆਪਣੇ ਮਾਲਕ ਦੇ ਹੱਥ ਦੇ ਦਿੰਦਾ ਹੈ। ਇਸ ਮਾਲਵੇਅਰ ਦੀ ਵਰਤੋਂ ਕੰਪਿਊਟਰ ਸਿਸਟਮ ਨੂੰ ਕਰੱਪਟ ਕਰਨ / ਡੈਮੇਜ ਕਰਨ ਜਾਂ ਕਿਸੇ ਕਿਸਮ ਦਾ ਗੁਪਤ ਡਾਟਾ ਚੋਰੀ ਕਰਨ ਲਈ ਕੀਤੀ ਜਾਂਦੀ ਹੈ।
4) ਕੰਪਿਊਟਰ ਵਾਮਜ਼ : ਇਹ ਮਾਲਵੇਅਰ ਕੰਪਿਊਟਰ ਵਾਇਰਸ ਦੇ ਮੁਕਾਬਲੇ ਜ਼ਿਆਦਾ ਗੰਭੀਰ ਹੁੰਦੇ ਹਨ। ਇਹ ਇੱਕ ਧੀਮੀ ਜ਼ਹਿਰ ਵਾਂਗ ਕੰਮ ਕਰਦੇ ਹਨ ਅਤੇ ਕੰਪਿਊਟਰ ਪ੍ਰਣਾਲੀ ਨੂੰ ਹੌਲੀ ਹੌਲੀ ਘੁਣ ਵਾਂਗ ਖ਼ਤਮ ਕਰ ਦਿੰਦੇ ਹਨ ਅਤੇ ਯੂਜ਼ਰ ਨੂੰ ਇਸ ਬਾਰੇ ਪਤਾ ਵੀ ਨਹੀਂ ਲੱਗਦਾ ਕਿ ਉਸ ਦੇ ਕੰਪਿਊਟਰ ਵਿੱਚ ਕੋਈ ਅਜਿਹਾ ਪ੍ਰੋਗਰਾਮ ਦਾਖ਼ਲ ਹੋ ਗਿਆ ਹੈ।ਯੂਜ਼ਰ ਨੂੰ ਉਦੋਂ ਹੀ ਪਤਾ ਲੱਗਦਾ ਹੈ ਜਦੋਂ ਉਸ ਦਾ ਕੰਪਿਊਟਰ ਇੱਕ ਦਮ ਖ਼ਰਾਬ ਹੋ ਜਾਂਦਾ ਹੈ।
5) ਸਟੀਲਵੇਅਰ: ਸਟੀਲਵੇਅਰ ਉਹ ਮਾਲਵੇਅਰ ਹੁੰਦੇ ਹਨ ਜੋ ਕਿਸੇ ਤਰ੍ਹਾਂ ਦੀ ਜ਼ਰੂਰੀ ਸੂਚਨਾ ਨੂੰ ਚੋਰੀ ਕਰਨ ਜਾਂ ਉਸ ਦੀ ਦਿਸ਼ਾ ਬਦਲਣ ਲਈ ਬਣਾਏ ਜਾਂਦੇ ਹਨ।ਇਹ ਮਾਲਵੇਅਰ ਆਮ ਤੌਰ ਤੇ ਬੈਂਕਿੰਗ ਖੇਤਰ ਵਿੱਚ ਪੈਸੇ ਦੇ ਆਦਾਨ ਪ੍ਰਦਾਨ ਨੂੰ ਪ੍ਰਭਾਵਿਤ ਕਰਦੇ ਹਨ।

### 4. ਸਾਈਬਰ ਸੁਰੱਖਿਆ ਕੀ ਹੁੰਦੀ ਹੈ? ਪੰਜ ਸਾਈਬਰ ਸੁਰੱਖਿਆ ਤਕਨੀਕਾਂ ਦਾ ਵਰਣਨ ਕਰੋ?

ਉੱਤਰ: ਸਾਈਬਰ ਹਮਲਿਆਂ ਤੋਂ ਬਚਣ ਲਈ ਵਰਤੀਆਂ ਜਾਣ ਵਾਲੀਆਂ ਵੱਖ-ਵੱਖ ਤਕਨੀਕਾਂ ਨੂੰ ਸਮੂਹਿਕ ਤੌਰ ਤੇ ਸਾਈਬਰ ਸੁਰੱਖਿਆ ਦਾ ਨਾਮ ਦਿੱਤਾ ਗਿਆ ਹੈ।ਸਾਈਬਰ ਸੁਰੱਖਿਆ ਤਕਨੀਕ ਉਹ ਸਾਫਟਵੇਅਰ ਹੁੰਦਾ ਹੈ ਜੋ ਕੰਪਿਊਟਰ ਪ੍ਰਣਾਲੀ ਵਿਚ ਪਹਿਲਾਂ ਤੋਂ ਹੀ ਮੌਜੂਦ ਹੁੰਦਾ ਹੈ ਅਤੇ ਸਾਡੇ ਕੰਪਿਊਟਰਾਂ ਨੂੰ ਸਾਈਬਰ ਹਮਲੇ ਜਾਂ ਕਿਸੇ ਹੋਰ ਕਿਸੇ ਕਿਸਮ ਦੇ ਧੋਖੇ ਤੋਂ ਬਚਾਉਂਦਾ ਹੈ।

1) ਸਟਰਾਂਗ ਪਾਸਵਰਡ : ਸਾਨੂੰ ਆਪਣੀ ਹਰ ਤਰ੍ਹਾਂ ਦੀ ਆਈ.ਡੀ. ਅਤੇ ਯੂਜ਼ਰ ਨੇਮ ਲਈ ਸਟਰਾਂਗ ਪਾਸਵਰਡ ਦੀ ਵਰਤੋਂ ਕਰਨੀ ਚਾਹੀਦੀ ਹੈ।ਸਟਰਾਂਗ ਪਾਸਵਰਡ ਅਲਫਾਬੈਟਸ,ਡਿਜੀਟਜ਼ ਅਤੇ ਸਪੈਸ਼ਲ ਚਿੰਨ੍ਹਾਂ ਦਾ ਸੁਮੇਲ ਹੁੰਦਾ ਹੈ ਜਿਸ ਨੂੰ ਹੈਕਰ ਦੁਆਰਾ ਤੋੜਨਾ ਬਹੁਤ ਔਖਾ ਹੁੰਦਾ ਹੈ ।ਉਦਾਹਰਣ Asdf@1976
2) ਇਨਕ੍ਰਿਪਸ਼ਨ: ਇਹ ਉਹ ਸੁਰੱਖਿਆ ਤਕਨੀਕ ਹੈ ਜਿਸ ਰਾਹੀਂ ਕਿਸੇ ਪਾਸਵਰਡ ਨੂੰ ਵਿਸ਼ੇਸ਼ ਚਿੰਨ੍ਹਾਂ ਵਿੱਚ ਬਦਲਿਆ ਜਾਂਦਾ ਹੈ ਜਿਸ ਨੂੰ ਕੇਵਲ ਭਰਨ ਵਾਲਾ ਵਿਅਕਤੀ ਜਾਂ ਅਸਲ ਯੂਜ਼ਰ ਹੀ ਸਮਝ ਸਕਦਾ ਹੈ ਅਤੇ ਅਨਜਾਣ ਵਿਅਕਤੀ ਭਾਵੇਂ ਕੋਲ ਹੀ ਕਿਉਂ ਨਾ ਬੈਠਾ ਹੋਵੇ ਉਸ ਨੂੰ ਕੁਝ ਪਤਾ ਨਹੀਂ ਚੱਲਦਾ ਕਿ ਉਸ ਨੇ ਕੀ ਲਿਖਿਆ ਹੈ।ਇਹ ਸੁਰੱਖਿਆ ਤਕਨੀਕ ਖ਼ਾਸ ਤੌਰ ਤੇ ਈਮੇਲ ਆਈ.ਡੀ. ਪਾਸਵਰਡ ਜਾਂ ਬੈਂਕਿੰਗ ਖੇਤਰ ਦੀਆਂ ਆਈ.ਡੀ. ਪਾਸਵਰਡ ਤੇ ਲਾਗੂ ਕੀਤੀ ਜਾਂਦੀ ਹੈ ।
3) ਫਾਇਰਵਾਲ : ਫਾਇਰਵਾਲ ਕੰਪਿਊਟਰ ਆਧਾਰਿਤ ਪ੍ਰਣਾਲੀ ਹੈ ਜਿਸ ਵਿੱਚ ਇਹ ਇੱਕ ਸੁਰੱਖਿਆ ਕੰਧ ਦੀ ਤਰ੍ਹਾਂ ਕੰਮ ਕਰਦੀ ਹੈ ਅਤੇ ਸਾਡੇ ਕੰਪਿਊਟਰ ਨੂੰ ਹਰ ਤਰ੍ਹਾਂ ਦੇ ਸਾਈਬਰ ਹਮਲੇ ਤੋਂ ਬਚਾਉਂਦੀ ਹੈ ਅਤੇ ਕਿਸੇ ਵੀ ਅਣ-ਅਧਿਕਾਰਤ ਵਿਅਕਤੀ ਨੂੰ ਸਾਡੇ ਕੰਪਿਊਟਰ ਨੂੰ ਅਸੈਸ ਕਰਨ ਤੋਂ ਰੋਕਦੀ ਹੈ ।
4) ਡਿਜੀਟਲ ਸਿਗਨੇਚਰ : ਇਹ ਇੱਕ ਅਜਿਹੀ ਸੁਰੱਖਿਆ ਤਕਨੀਕ ਹੈ ਜੋ ਕਿ ਕੰਪਿਊਟਰ ਆਧਾਰਿਤ ਪ੍ਰਣਾਲੀ ਤੇ ਇੱਕ ਡਿਜੀਟਲ ਕੋਡ ਵੱਜੋਂ ਕੰਮ ਕਰਦੀ ਹੈ ਜੋ ਕਿਸੇ ਵੀ ਆਨਲਾਈਨ ਦਸਤਾਵੇਜ਼ ਨੂੰ ਵੈਰੀਫਾਈ ਕਰਨ ਲਈ ਕੰਮ ਕਰਦੀ ਹੈ। ਡਿਜੀਟਲ ਸਿਗਨੇਚਰ ਸੁਰੱਖਿਆ ਤਕਨੀਕ ਦੀ ਵਰਤੋਂ ਜ਼ਿਆਦਾਤਰ ਬੈਂਕਿੰਗ ਖੇਤਰ ਅਤੇ ਹੋਰ ਵਿੱਤੀ ਲੈਣ ਦੇਣ ਦੇ ਕੰਮਾਂ ਲਈ ਕੀਤੀ ਜਾਂਦੀ ਹੈ।
5) ਐਂਟੀ ਵਾਇਰਸ: ਇੱਕ ਅਜਿਹਾ ਸਾਫਟਵੇਅਰ ਹੈ ਜੋ ਸਾਡੇ ਕੰਪਿਊਟਰ ਨੂੰ ਕਿਸੇ ਵੀ ਤਰ੍ਹਾਂ ਦੇ ਵਾਇਰਸ ਤੋਂ ਸੁਰੱਖਿਅਤ ਕਰਦਾ ਹੈ । ਇਸ ਨੂੰ ਐਂਟੀ-ਮਾਲਵੇਅਰ ਵੀ ਕਿਹਾ ਜਾਂਦਾ ਹੈ ਕਿਉਂ ਕਿ ਕੋਈ ਵੀ ਵਾਇਰਸ ਇੱਕ ਮਾਲਵੇਅਰ ਹੁੰਦਾ ਹੈ ਜਿਸ ਦੇ ਵਿਰੁੱਧ ਇਹ ਕੰਮ ਕਰਦਾ ਹੈ। ਇਹ ਸਾਡੇ ਕੰਪਿਊਟਰ ਵਿੱਚ ਵਾਇਰਸ ਨੂੰ ਜਾਂ ਤਾਂ ਆਉਣ ਹੀ ਨਹੀਂ ਦਿੰਦਾ ਅਤੇ ਜੇਕਰ ਆ ਵੀ ਜਾਵੇ ਤਾਂ ਐਂਟੀਵਾਇਰਸ ਦੀ ਮਦਦ ਨਾਲ ਕੰਪਿਊਟਰ ਨੂੰ ਸਕੈਨ ਕਰ ਕੇ ਖ਼ਤਮ ਕੀਤਾ ਜਾ ਸਕਦਾ ਹੈ।

5. ਆਈ ਟੀ ਐਕਟ ਕੀ ਹੈ? ਇਸ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ ?

**ਉੱਤਰ:** ਭਾਰਤ ਵਿੱਚ ਇੰਟਰਨੈੱਟ ਦੀ ਵਰਤੋਂ ਦੇ ਕਾਰਨ ਪੈਦਾ ਹੋ ਰਹੇ ਸਾਈਬਰ ਖਤਰਿਆਂ ਦੇ ਮੱਦੇਨਜ਼ਰ ਇਨਫਾਰਮੇਸ਼ਨ ਟੈਕਨਾਲੋਜੀ ਦੀ ਵਰਤੋਂ ਨੂੰ ਕਾਨੂੰਨੀ ਦਾਇਰੇ ਅੰਦਰ ਲਿਆਉਣ ਦੇ ਲਈ ਭਾਰਤ ਦੀ ਕੇਂਦਰ ਸਰਕਾਰ ਨੇ 17 ਅਕਤੂਬਰ ਸਾਲ 2000 ਨੂੰ ਇੱਕ ਐਕਟ ਪਾਸ ਕੀਤਾ ਜਿਸ ਨੂੰ ਆਈਟੀ ਐਕਟ 2000 ਦਾ ਨਾਮ ਦਿੱਤਾ ਗਿਆ। ਇਸ ਐਕਟ ਨੂੰ ਆਈ.ਟੀ.ਏ 2000 ਵੀ ਕਿਹਾ ਜਾਂਦਾ ਹੈ।ਇਹ ਐਕਟ ਸਾਈਬਰ ਕ੍ਰਾਈਮ ਅਤੇ ਇਲੈਕਟ੍ਰਾਨਿਕ ਕਾਮਰਸ ਨਾਲ ਸਬੰਧਤ ਐਕਟ ਹੈ ।

ਆਈ.ਟੀ. ਐਕਟ 2000 ਦੀਆਂ ਵਿਸ਼ੇਸ਼ਤਾਵਾਂ ਹੇਠਾਂ ਲਿਖੇ ਅਨੁਸਾਰ ਹਨ:

1) ਇਸ ਐਕਟ ਵਿੱਚ ਡਿਜੀਟਲ ਸਿਗਨੇਚਰ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ।
2) ਇਸ ਐਕਟ ਰਾਹੀਂ ਸਰਕਾਰੀ ਦਫ਼ਤਰਾਂ ਅਤੇ ਏਜੰਸੀਆਂ ਦੇ ਫਾਰਮ ਆਨਲਾਈਨ ਭਰਨ ਅਤੇ ਸਬਮਿਟ ਕਰਨ ਦੀ ਕਾਨੂੰਨੀ ਮਾਨਤਾ ਦਿੱਤੀ ਗਈ ਹੈ।
3) ਇਸ ਐਕਟ ਵਿੱਚ ਆਨਲਾਈਨ ਰਿਕਾਰਡ ਅਤੇ ਸਟੋਰੇਜ ਨੂੰ ਵੀ ਕਾਨੂੰਨੀ ਮਾਨਤਾ ਦਿੱਤੀ ਗਈ ਹੈ ।
4) ਇਸ ਐਕਟ ਵਿੱਚ ਇਲੈਕਟ੍ਰਾਨਿਕ ਸੰਚਾਰਾਂ ਨੂੰ ਮਾਨਤਾ ਦਿੱਤੀ ਗਈ ਹੈ ।
5) ਇਸ ਵਿੱਚ ਬੈਂਕਿੰਗ ਖੇਤਰ ਵਿਚ ਇਲੈਕਟ੍ਰਾਨਿਕ ਫੰਡ ਟਰਾਂਸਫਰ ਤਕਨੀਕ ਨੂੰ ਮਾਨਤਾ ਦਿੱਤੀ ਗਈ ਹੈ।